# ਦਫ਼ਤਰ ਜ਼ਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ

ਮੀਮੋ ਨੰ:ਸਸਅ/ਆਰ.ਟੀ.ਈ/2023/153229

ਮਿਤੀ:01.06.2023

Email – ssahoshiarpur19@gmail.com

ਵੱਲ

ਮੈਨੇਜਰ/ਪ੍ਰਿੰਸੀਪਲ
GLOBAL PUBLIC SCHOOL
VILL RANGA PO BHANGALA TEH MUKERIAN
Block MUKERIAN 2
UDISE 03050813302

**ਵਿਸ਼ਾ:** **ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010 ਦੇ ਨਿਯਮ 15 ਦੇ ਉੱਪ ਨਿਯਮ(4)ਅਧੀਨ,ਬੱਚਿਆ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ,2009 ਦੀ ਧਾਰ੍ਹਾ 18 ਦੇ ਮੰਤਵ ਲਈ ਸਕੂਲ ਦਾ ਮਾਨਤਾ ਪ੍ਰਾਪਤ ਪ੍ਰਮਾਣ ਪੱਤਰ।**

ਪਿਆਰੇ ਸ਼੍ਰੀਮਾਨ/ਸ਼੍ਰੀਮਤੀ ਜੀ

ਆਪਜੀ ਦੀ ਪ੍ਰਤੀ ਬੇਨਤੀ ਸਬੰਧੀ ਕੀਤੇ ਸਕੂਲ ਨਾਲ ਪੱਤਰ ਵਿਹਾਰ /ਪੜਤਾਲ ਦੇ ਹਵਾਲੇ ਵਿੱਚ ਮੈਂ GLOBAL PUBLIC SCHOOL ਬਲਾਕ MUKERIAN 2 , ਯੂ-ਡਾਇਜ਼ ਕੋਡ 03050813302 ਨੂੰ **ਪਹਿਲੀ ਤੋਂ ਅੱਠਵੀਂ** ਜਮਾਤ ਤੱਕ **31 ਮਾਰਚ,2026** ਦੇ ਸਮੇਂ ਲਈ ਮਾਨਤਾ ਭੇਜਦਾ ਹਾਂ।

**ਉਪਰੋਕਤ ਮਾਨਤਾ ਹੇਠ ਦਿੱਤੀਆਂ ਸ਼ਰਤਾਂ ਦੇ ਆਧਾਰ ਤੇ ਹੈ:-**

1. ਮਾਨਤਾ ਪ੍ਰਾਪਤ ਦੀ ਪ੍ਰਵਾਨਗੀ ਵਾਧੇ ਯੋਗ ਨਹੀਂ ਹੈ ਅਤੇ ਕਿਸੇ ਵੀ ਹਾਲਤ ਵਿਚ ਇਸ ਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਇਹ ਅੱਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ ਲਈ ਲਾਜ਼ਮੀ ਹੈ।
2. ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009 ਅਤੇ ਬੱਚਿਆ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010 ਦੇ ਉਪਬੰਧਾ ਦੀ ਪਾਲਣਾ ਕਰੇਗਾ ।
3. ਸਕੂਲ ਪਹਿਲੀ ਜਮਾਤ ਵਿੱਚ ਜਮਾਤ ਦੀ ਕੁੱਲ ਸੰਖਿਆ ਦਾ 25% ਪ੍ਰਤੀਸ਼ਤ, ਕਮਜ਼ੋਰ ਤਬਕੇ ਅਤੇ ਗੈਰ ਸੁਵਿਧਾ ਪ੍ਰਾਪਤ ਸਮੂਹ ਦੇ ਆਸ ਪਾਸ ਦੇ ਬੱਚਿਆਂ ਦਾ ਦਾਖਲਾ ਕਰੇਗਾ ਅਤੇ ਮੁਫਤ ਅਤੇ ਲਾਜ਼ਮੀ ਮੁੱਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪ੍ਰਦਾਨ ਕਰੇਗਾ।
4. ਸਕੂਲ ਨੂੰ ਪੈਰ੍ਹਾ 3 ਵਿੱਚ ਦਿੱਤੇ ਬੱਚਿਆਂ ਲਈ ਐਕਟ ਦੀ ਧਾਰ੍ਹਾ 12 ਦੀ ਉੱਪ-ਧਾਰ੍ਹਾ (2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ । ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।
5. ਸੰਸਥਾ/ਸਕੂਲ ਕੋਈ ਕੈਪੀਟੇਸ਼ਨ ਫ਼ੀਸ ਨਹੀਂ ਲਵੇਗਾ ਅਤੇ ਬੱਚੇ ਜਾਂ ਉਸ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀ ਚੋਣ ਦੀ ਕੋਈ ਵਿਧੀ ਨਹੀਂ ਅਪਣਾਏਗਾ।
6. ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਦਾਖਲੇ ਤੇ ਇਨਕਾਰ ਨਹੀਂ ਕਰੇਗਾ ਅਤੇ ਐਕਟ ਦੀ ਧਾਰ੍ਹਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ । ਸਕੂਲ ਇਹ ਯਕੀਨੀ ਬਣਾਏਗਾ ਕਿ :-
   (1) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਕਲਾਸ ਵਿੱਚ ਵਾਪਿਸ ਨਹੀਂ ਰੱਖਿਆ ਜਾਵੇਗਾ ਜਾਂ ਸਕੂਲ ਵਿੱਚੋਂ ਕੱਢਿਆ ਨਹੀਂ ਜਾਵੇਗਾ ਜਦੋਂ ਤੱਕ ਕਿ ਉਸ ਦੀ ਸਕੂਲ ਵਿੱਚ ਮੁੱਢਲੀ ਸਿੱਖਿਆ ਪੂਰੀ ਨਹੀਂ ਹੋ ਜਾਂਦੀ
   (2) ਕਿਸੇ ਵੀ ਬੱਚੇ ਨੂੰ ਸ਼ਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਕੀਤੀ ਜਾਵੇਗੀ
   (3) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਕਿਸੇ ਵੀ ਬੱਚੇ ਨੂੰ ਕੋਈ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ;

(4) ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ, ਨੂੰ ਨਿਯਮ 25 ਦਿੱਤੇ ਅਨੁਸਾਰ ਪ੍ਰਮਾਣਪੱਤਰ ਦਿੱਤਾ ਜਾਵੇਗਾ;

(5) ਐਕਟ ਦੇ ਉਪਬੰਧਾਂ ਅਨੁਸਾਰ ਵਿਸ਼ੇਸ਼ ਜਰੂਰਤਾਂ ਵਾਲੇ ਵਿਦਿਆਰਥੀਆਂ ਦੀ ਸਮੂਲਿਅਤ ;

(6) ਅਧਿਆਪਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਧਾਰ੍ਹਾ 23(1) ਅਧੀਨ ਦਿੱਤੀਆਂ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ । ਪਰੰਤੂ ਅੱਗੇ ਸ਼ਰਤ ਇਹ ਹੈ ਕਿ ਮੌਜੂਦਾ ਅਧਿਆਪਕ ਜੋ ਇਸ ਐਕਟ ਤੇ ਲਾਗੂ ਹੋਣ ਸਮੇਂ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪ੍ਰਾਪਤ ਕਰਨਗੇ;।

(7) ਅਧਿਆਪਕ ਐਕਟ ਦੀ ਧਾਰ੍ਹਾ 24(1)ਅਧੀਨ ਦਰਸਾਈਆਂ ਜਿੰਮੇਵਾਰੀਆ ਪੂਰੀਆਂ ਕਰਦੇ ਹਨ;

(8) ਅਧਿਆਪਕ ਆਪਣੇ ਆਪ ਨੂੰ ਪ੍ਰਾਈਵੇਟ ਟਿਊਸ਼ਨਾ ਵਿੱਚ ਮਸ਼ਰੂਫ ਨਹੀਂ ਰੱਖਣਗੇ।

(9) ਸਕੂਲ ਦੇ ਅਧਿਆਪਕ ਦੀ ਵਿਦਿਅਕ ਯੋਗਤਾ ਸਮੇਂ ਸਮੇਂ ਤੇ ਸਰਕਾਰ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਹੋਣੀ ਚਾਹੀਦੀ ਹੈ।

**7.** ਸਕੂਲ ਪੜ੍ਹਾਈ ਦੇ ਵਿਸ਼ਿਆ ਦੇ ਆਧਾਰ ਤੇ ਉਚਿਤ ਅਥਾਰਟੀ ਦੁਆਰਾ ਨਿਰਧਾਰਤ ਕੀਤੇ ਸਿਲੇਬਸ ਦੀ ਪੈਰਵੀ ਕਰਨਗੇ।

**8.** ਸਕੂਲ ਦੇ ਇਸੇ ਨਾਂ ਤੇ ਸਕੂਲ ਦੀ ਇਮਾਰਤ ਅੰਦਰ ਜਾਂ ਇਸ ਦੇ ਬਾਹਰ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀਂ ਚਲਾਈ ਜਾਵੇਗੀ।

**9.** ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜਾਈ ਅਤੇ ਯੋਗਤਾ ਵਿਕਾਸ ਲਈ ਹੀ ਵਰਤੇ ਜਾਣ ਗੇ।

**10.** ਸਕੂਲ ਸੁਸਾਇਟੀ ਰਜਿਸਟਰੇਸ਼ਨ ਐਕਟ,1860(1860 ਦਾ 21) ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ ਸਮੇਂ ਦੇ ਲਾਗੂ ਕਿਸੇ ਕਾਨੂੰਨ ਅਧੀਨ ਸਿਰਜੇ ਗਏ ਟੱਰਸਟ ਦੁਆਰਾ ਚਲਾਇਆ ਜਾ ਰਿਹਾ ਹੈ।

**11.** ਸਕੂਲ ਕਿਸੇ ਨਿੱਜੀ ਸਮੂਹ ਜਾਂ ਵਿਅਕਤੀਆਂ ਦੇ ਸਮੂਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀਂ ਚਲਾਇਆ ਜਾ ਰਿਹਾ।

**12.** ਲੇਖੇ ਕਿਸੇ ਪ੍ਰਮਾਣਿਤ ਚਾਰਟਿਡ ਲੇਖਾਕਾਰ ਦੁਆਰਾ ਆਡਿਟ ਕੀਤਾ ਜਾਣਾ ਚਾਹਿਦਾ ਹੈ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀ ਸਟੇਟਮੈਂਟ ਤਿਆਰ ਕੀਤੀ ਜਾਵੇਗੀ।ਹਰ ਲੇਖਾ ਸਾਰਣੀ ਦੀ ਇੱਕ ਕਾਪੀ ਹਰ ਸਾਲ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ.) ਨੂੰ ਭੇਜੀ ਜਾਵੇਗੀ।

**13.** ਆਪ ਦੇ ਸਕੂਲ ਦਾ ਮਾਨਤਾ ਪ੍ਰਾਪਤ ਕੋਡ **RTE 94** ਹੈ।ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਇਸ ਦਫਤਰ ਨਾਲ ਪੱਤਰ ਵਿਹਾਰ ਕਰਦੇ ਸਮੇਂ ਇਹ ਦਰਜ਼ ਕੀਤਾ ਜਾਵੇ।

**14.** ਸਕੂਲ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਸਮੇਂ ਸਮੇਂ ਸਿਰ ਮੰਗੀ ਗਈ ਸੂਚਨਾ ਪੇਸ਼ ਕਰੇਗਾ ਅਤੇ ਉਚਿਤ ਅਥਾਰਟੀ ਜਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਹਦਾਇਤਾਂ ਜੋ ਮਾਨਤਾ ਪ੍ਰਾਪਤੀ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਸਕੂਲਾਂ ਦੇ ਕੰਮ ਕਾਜ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੀਆਂ ਜਾਣਗੀਆਂ ਦੀ ਪਾਲਣਾ ਕਰੇਗਾ।

**15.** ਸੰਸਥਾ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ ਜੇਕਰ ਕੋਈ ਜ਼ਰੂਰੀ ਹੋਵੇ, ਕਰਵਾਉਣਾ ਯਕੀਨੀ ਬਣਾਇਆ ਜਾਵੇ।

**16.** ਸਕੂਲ ਐਕਟ ਦੀ ਧਾਰ੍ਹਾ 19 ਵਿੱਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ।

**ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)**
**ਹੁਸ਼ਿਆਰਪੁਰ**